# ਕਾਲੀ ਖਾਂਸੀ

ਕਾਲੀ ਖਾਂਸੀ, ਜਾਂ ਪਰਟੂਸਿਸ, ਸਾਹ ਨਾਲੀਆਂ ਦੀ ਇੱਕ ਗੰਭੀਰ ਲਾਗ ਹੈ। ਸ਼ੁਰੂਆਤੀ ਲੱਛਣ ਆਮ ਜ਼ੁਕਾਮ ਦੀ ਤਰ੍ਹਾਂ ਹੁੰਦੇ ਹਨ ਅਤੇ ਇਸ ਵਿੱਚ ਛਿੱਕਾਂ ਆਉਣੀਆਂ, ਨੱਕ ਵਹਿਣਾ, ਮਾਮੂਲੀ ਬੁਖ਼ਾਰ ਅਤੇ ਹਲਕੀ ਖਾਂਸੀ ਸ਼ਾਮਲ ਹੈ। ਅਗਲੇ 2 ਹਫ਼ਤਿਆਂ ਦੌਰਾਨ, ਖਾਂਸੀ ਵਿਗੜਦੀ ਹੈ, ਜੋ ਤੀਬਰ, ਵਾਰ-ਵਾਰ ਅਤੇ ਜ਼ੋਰ ਨਾਲ ਹੋਣ ਵਾਲੀ ਖਾਂਸੀ ਦੇ ਸਿਲਸਿਲਿਆਂ ਦਾ ਕਾਰਨ ਬਣਦੀ ਹੈ ਜੋ ਅਕਸਰ ਅਗਲੇ ਸਾਹ ਤੋਂ ਪਹਿਲਾਂ ਚੀਕਵੀਂ ਜਿਹੀ ਆਵਾਜ਼ ਨਾਲ ਸਮਾਪਤ ਹੁੰਦੀ ਹੈ। ਖਾਂਸੀ ਕਈ ਮਹੀਨਿਆਂ ਤੱਕ ਚੱਲਦੀ ਹੈ ਅਤੇ ਅਕਸਰ ਰਾਤ ਸਮੇਂ ਜ਼ਿਆਦਾ ਹੁੰਦੀ ਹੈ। ਪਰਟੂਸਿਸ ਨਿਮੋਨੀਆ, ਦੌਰਿਆਂ, ਦਿਮਾਗ ਦੇ ਨੁਕਸਾਨ ਜਾਂ ਇੱਥੋਂ ਤੱਕ ਕਿ ਮੌਤ ਵਰਗੀਆਂ ਉਲਝਣਾਂ ਦਾ ਕਾਰਨ ਬਣ ਸਕਦੀ ਹੈ। ਕੈਨੇਡਾ ਵਿੱਚ ਹਰ ਸਾਲ, ਪਰਟੂਸਿਸ ਕਰਕੇ 1 ਤੋਂ 3 ਮੌਤਾਂ ਹੁੰਦੀਆਂ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ 3 ਮਹੀਨੇ ਤੋਂ ਘੱਟ ਉਮਰ ਦੇ ਅਜਿਹੇ ਬੱਚਿਆਂ ਦੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਟੀਕਾਕਰਨ ਨਹੀਂ ਕਰਵਾਇਆ ਹੁੰਦਾ।

ਪਰਟੂਸਿਸ ਉਸ ਸਮੇਂ ਅਸਾਨੀ ਨਾਲ ਫੈਲਦੀ ਹੈ ਜਦੋਂ ਇੱਕ ਲਾਗਗ੍ਰਸਤ ਵਿਅਕਤੀ ਖਾਂਸੀ ਕਰਦਾ ਹੈ, ਛਿੱਕਦਾ ਹੈ ਜਾਂ ਜਦੋਂ ਉਸਦਾ ਹੋਰਨਾਂ ਵਿਅਕਤੀਆਂ ਨਾਲ ਨਜ਼ਦੀਕੀ ਸੰਪਰਕ ਹੁੰਦਾ ਹੈ। ਇਨਫੈਕਸ਼ਨ ਆਰੰਭਕ ਪੜਾਆਂ ਦੌਰਾਨ ਹੋਰਨਾਂ ਤੱਕ ਫੈਲ ਸਕਦੀ ਹੈ ਜਦੋਂ ਲੱਛਣ ਤੀਬਰ ਨਹੀਂ ਹੁੰਦੇ, ਅਤੇ ਜੇ ਇਸਦਾ ਇਲਾਜ ਨਹੀਂ ਕੀਤਾ ਜਾਂਦਾ, ਤਾਂ ਖਾਂਸੀ ਸ਼ੁਰੂ ਹੋਣ ਤੋਂ ਬਾਅਦ 3 ਹਫ਼ਤਿਆਂ ਤੱਕ ਫੈਲ ਸਕਦੀ ਹੈ।

ਪਰਟੂਸਿਸ ਤੋਂ ਬਚਾਅ ਲਈ ਟੀਕਾ ਲਗਾਉਣਾ ਬਿਹਤਰੀਨ ਤਰੀਕਾ ਹੈ। ਪਰਟੂਸਿਸ ਦੀਆਂ ਵੈਕਸੀਨਾਂ ਡਿਫਥੇਰੀਆ, ਪੋਲੀਓ ਅਤੇ ਟੈਟਨਸ ਵਰਗੇ ਹੋਰਨਾਂ ਟੀਕਿਆਂ ਨਾਲ ਮਿਲਾ ਕੇ ਦਿੱਤੀਆਂ ਜਾਂਦੀਆਂ ਹਨ ਅਤੇ ਤੁਹਾਡੇ ਬੱਚੇ ਦੇ ਰੂਟੀਨ ਟੀਕਾਕਰਨਾਂ ਦੇ ਹਿੱਸੇ ਵੱਜੋਂ ਮੁਫ਼ਤ ਹੁੰਦੀਆਂ ਹਨ। ਅਪਾਇੰਟਮੈਂਟ ਲੈਣ ਲਈ ਆਪਣੇ ਸਿਹਤ-ਸੰਭਾਲ ਪ੍ਰਦਾਤਾ ਨੂੰ ਕਾਲ ਕਰੋ।

ਪਰਟੂਸਿਸ ਅਤੇ ਟੀਕਾਕਰਨਾਂ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ, **8-1-1** 'ਤੇ ਕਾਲ ਕਰੋ ਜਾਂ ਹੇਠਾਂ ਦਿੱਤੇ ਲਿੰਕਾਂ ਉੱਤੇ ਕਾਲ ਕਰੋ।

## ਦਿੱਤੇ ਗਏ ਵਿਸ਼ੇ

### ਪਰਟੂਸਿਸ (ਕਾਲੀ ਖਾਂਸੀ)

ਜਾਣੋ ਕਿ ਪਰਟੂਸਿਸ ਕਿਵੇਂ ਫੈਲਦੀ ਹੈ, ਇਸ ਦੇ ਕੀ ਲੱਛਣ ਹਨ, ਘਰੇਲੂ ਇਲਾਜ ਲਈ ਕੀ ਸਲਾਹ ਹੈ ਅਤੇ ਹੋਰ ਬਹੁਤ ਕੁਝ। ਜ਼ਿਆਦਾ ਜਾਣਕਾਰੀ ਲੈਣ ਲਈ ਹੇਠਾਂ ਲਿੰਕ ਉੱਤੇ ਕਲਿੱਕ ਕਰੋ।

- ਪਰਟੂਸਿਸ (ਵੂਪਿੰਗ ਕੱਫ) (HealthLinkBC FIle #15c)

### ਪਰਟੂਸਿਸ ਤੋਂ ਬਚਾਅ ਲਈ ਟੀਕਾਕਰਨ

ਜਿਹੜੀਆਂ ਵੈਕਸੀਨਾਂ ਪਰਟੂਸਿਸ ਤੋਂ ਬਚਾਅ ਕਰਦੀਆਂ ਹਨ ਉਹ ਤੁਹਾਡੇ ਬੱਚੇ ਦੇ ਰੂਟੀਨ ਟੀਕਾਕਰਨਾਂ ਦਾ ਹਿੱਸਾ ਹਨ। ਪਰਟੂਸਿਸ ਵੈਕਸੀਨ ਦੀ ਬੂਸਟਰ ਡੋਜ਼ ਦੀ ਉਹਨਾਂ ਬਾਲਗਾਂ ਲਈ ਸਿਫ਼ਾਰਿਸ਼ ਕੀਤੀ ਜਾਂਦੀ ਹੈ ਜਿਨ੍ਹਾਂ ਦਾ ਬਚਪਨ ਵਿੱਚ ਟੀਕਾਕਰਨ ਹੋਇਆ ਸੀ ਪਰ ਬੀ.ਸੀ. ਵਿੱਚ ਮੁਫ਼ਤ ਨਹੀਂ ਮੁਹੱਈਆ ਕੀਤਾ ਗਿਆ ਸੀ। ਜ਼ਿਆਦਾ ਜਾਣਕਾਰੀ ਲੈਣ ਲਈ ਹੇਠ ਦਿੱਤੇ ਲਿੰਕਾਂ ਉੱਤੇ ਕਲਿੱਕ ਕਰੋ। ਵ

- ਬੀ.ਸੀ. ਟੀਕਾਕਰਨ ਦੇ ਕਾਰਜ-ਕ੍ਰਮ
- ਟੈਟਨਸ, ਡਿਪਥੀਰੀਆ,ਪਰਟੂਸਿਸ,ਪੋਲੀਓ (ਟੀਡੈਪ-ਆਈਪੀਵੀ) ਵੈਕਸੀਨ (HealthLinkBC File #15a)
- ਡਿਫਥੇਰੀਆ, ਟੈਟਨਸ,ਪਰਟੂਸਿਸ, ਪੋਲੀਓ, ਹੀਮੋਫਿਲਸ ਇਨਫਲੂਐਂਜ਼ਾਈ ਟਾਈਪ ਬੀ. (ਡੀਟੈਪ-ਆਈਪੀਵੀ-ਹਿਬ) ਵੈਕਸੀਨ (HealthLinkBC File #15b)
- ਟੈਟਨਸ,ਡਿਪਥੀਰੀਆ ਅਤੇ ਪਰਟੂਸਿਸ (ਟੀਡੈਪ) ਵੈਕਸੀਨ (HealthLinkBC File #18c)
- ਡਿਪਥੀਰੀਆ,ਟੈਟਨਸ,ਪਰਟੂਸਿਸ,ਹੈਪੇਟਾਈਟਸ ਬੀ,ਪੋਲਿਓ, ਅਤੇ ਹੀਮੋਫਿਲਿਸ ਇੰਫਲੂਐਨਜ਼ਾਏ ਟਾਇਪ ਬੀ (ਡੀਟੈਪ-ਐਚਬੀ-ਆਈਪੀਵੀ-ਹਿਬ) ਵੈਕਸੀਨ (HealthLinkBC File #105)

### ਟੀਕਾਕਰਨ ਦੇ ਫਾਇਦੇ

ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਗੰਭੀਰ ਅਤੇ ਕਈ ਵਾਰੀ ਜਾਨਲੇਵਾ ਬਿਮਾਰੀਆਂ ਤੋਂ ਬਚਾਉਣ ਲਈ ਟੀਕਾਕਰਨ ਕਰਵਾਉਣਾ ਬਿਹਤਰੀਨ ਤਰੀਕਾ ਹੁੰਦਾ ਹੈ। ਜਦੋਂ ਤੁਸੀਂ ਟੀਕਾਕਰਨ ਕਰਵਾਉਂਦੇ ਹੋ, ਤਾਂ ਤੁਸੀਂ ਹੋਰਨਾਂ ਦਾ ਵੀ ਬਚਾਅ ਕਰਨ ਵਿੱਚ ਮਦਦ ਕਰਦੇ ਹੋ। ਬ੍ਰਿਟਿਸ਼ ਕੋਲੰਬੀਆ ਵਿੱਚ ਟੀਕਾਕਰਨ ਬਾਰੇ ਜ਼ਿਆਦਾ ਜਾਣਨ ਲਈ ਹੇਠਾਂ ਦਿੱਤੇ ਲਿੰਕਾਂ ਉੱਤੇ ਕਲਿੱਕ ਕਰੋ।

- [ਤੁਹਾਡੇ ਬੱਚੇ ਲਈ ਇਮਿਊਨਾਈਜ਼ੇਸ਼ਨ ਦਾ ਇੱਕ ਅੱਛਾ ਅਨੁਭਵ (HealthLinkBC File #50e)]
- [ਬਚਪਨ ਦੀਆਂ ਵੈਕਸੀਨਾਂ ਸੁਰੱਖਿਅਤ ਹਨ (HealthLinkBC File #50c)]
- [ਤੁਹਾਡੇ ਬੱਚੇ ਦਾ ਟੀਕਾਕਰਣ ਕਰਵਾਉਣ ਦੇ ਲਾਭ (HealthLinkBC File #50b)]
- [ਤੁਹਾਡੇ ਬੱਚੇ ਦੀ ਸੁਰੱਖਿਆ ਪ੍ਰਣਾਲੀ ਅਤੇ ਵੈਕਸੀਨਾਂ (HealthLinkBC File #50a)]

## ਤੁਹਾਡੀ ਸਿਹਤ ਅਥਾਰਿਟੀ

ਆਪਣੀ ਸਿਹਤ ਅਥਾਰਿਟੀ ਤੋਂ ਪਰਟੂਸਿਸ ਸੰਬੰਧੀ ਜਾਣਕਾਰੀ ਲੈਣ ਲਈ, ਜਿੱਥੇ ਉਪਲਬਧ ਹੋਵੇ, ਹੇਠਾਂ ਦਿੱਤੇ ਲਿੰਕਾਂ ਉੱਤੇ ਕਲਿੱਕ ਕਰੋ।

- ਫਰਸਟ ਨੇਸ਼ਨਜ਼ ਹੈਲਥ ਅਥਾਰਿਟੀ:ਪਰਟੂਸਿਸ (ਕਾਲੀ ਖਾਂਸੀ)
- ਫ੍ਰੇਜ਼ਰ ਹੈਲਥ:ਕਾਲੀ ਖਾਂਸੀ
- ਇੰਟਰੀਅਰ ਹੈਲਥ:ਕਾਲੀ ਖਾਂਸੀ ਵਿੱਚ ਵਾਧਾ (ਨਵੀਂ ਰਿਲੀਜ਼ 6 ਅਗਸਤ 2015)
- ਨੌਰਦਰਨ ਹੈਲਥ:ਖੁਦ ਨੂੰ ਅਤੇ ਆਪਣੇ ਪਰਿਵਾਰ ਨੂੰ ਪਰਟੂਸਿਸ (ਕਾਲੀ ਖਾਂਸੀ) ਤੋਂ ਬਚਾਓ
- ਵੈਨਕੂਵਰ ਕੋਸਟਲ ਹੈਲਥ:ਕਾਲੀ ਖਾਂਸੀ

## ਉਪਯੋਗੀ ਵੈੱਬਸਾਈਟਾਂ

### ਬੀਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (BCCDC)

ਬੀਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (BCCDC) ਪ੍ਰੋਵਿਨਸ਼ੀਅਲ ਹੈਲਥ ਸਰਵਿਸਿਜ਼ ਅਥਾਰਿਟੀ ਦੀ ਇੱਕ ਏਜੰਸੀ ਹੈ। ਉਹ ਨਿਗਰਾਨੀ, ਪਤਾ ਲਗਾਉਣ, ਰੋਕਥਾਮ ਅਤੇ ਸਲਾਹ-ਮਸ਼ਵਰੇ ਰਾਹੀਂ ਜਨਤਕ ਸਿਹਤ ਵਿੱਚ ਸੂਬਾਈ ਅਤੇ ਰਾਸ਼ਟਰੀ ਅਗਵਾਈ ਮੁਹੱਈਆ ਕਰਦੇ ਹਨ। ਉਹ ਬਿਮਾਰੀਆਂ ਤੋਂ ਪੀੜਤ ਲੋਕਾਂ ਨੂੰ ਨਿਦਾਨ ਅਤੇ ਇਲਾਜ ਦੀਆਂ ਸਿੱਧੀਆਂ ਸੇਵਾਵਾਂ ਵੀ ਮੁਹੱਈਆ ਕਰਦੇ ਹਨ ਜੋ ਆਮ ਲੋਕਾਂ ਦੀ ਸਿਹਤ ਉੱਤੇ ਅਸਰ ਪਾ ਸਕਦੀਆਂ ਹਨ। ਪਰਟੂਸਿਸ ਅਤੇ ਪਰਟੂਸਿਸ ਵੈਕਸੀਨ ਬਾਰੇ ਜ਼ਿਆਦਾ ਜਾਣਨ ਲਈ, ਹੇਠਾਂ ਦਿੱਤੇ ਲਿੰਕਾਂ ਉੱਤੇ ਕਲਿੱਕ ਕਰੋ।

- ਪਰਟੂਸਿਸ (ਕਾਲੀ ਖਾਂਸੀ) ਵੈਕਸੀਨਾਂ
- ਕਾਲੀ ਖਾਂਸੀ/ਪਰਟੂਸਿਸ

### ਇਮ੍ਯੂਨਾਈਜ਼ ਬੀਸੀ

ਇਮ੍ਯੂਨਾਈਜ਼ ਬੀਸੀ ਵਿਅਕਤੀਆਂ, ਪਰਿਵਾਰਾਂ, ਅਤੇ ਸਿਹਤ-ਸੰਭਾਲ ਪ੍ਰਦਾਤਾਵਾਂ ਨੂੰ ਟੀਕਾਕਰਨ ਬਾਰੇ ਜਾਣਕਾਰੀ ਮੁਹੱਈਆ ਕਰਕੇ ਬ੍ਰਿਟਿਸ਼ ਕੋਲੰਬੀਆ-ਵਾਸੀਆਂ ਦੀ ਸਿਹਤ ਵਿੱਚ ਸੁਧਾਰ ਕਰਨ ਲਈ ਅਤੇ ਵੈਕਸੀਨ ਨਾਲ ਰੋਕੀਆਂ ਜਾ ਸਕਣ ਵਾਲੀਆਂ ਬਿਮਾਰੀਆਂ ਰਾਹੀਂ ਇਨਫੈਕਸ਼ਨਾਂ ਦੀ ਗਿਣਤੀ ਨੂੰ ਘਟਾਉਣ ਲਈ ਕੰਮ ਕਰਦੀ ਹੈ। ਟੀਕਾਕਰਨ ਜ਼ਿੰਦਗੀਆਂ ਬਚਾ ਸਕਦਾ ਹੈ। ਆਮ ਵੈਕਸੀਨਾਂ, ਕਿਸ ਨੂੰ ਟੀਕੇ ਲਗਵਾਉਣੇ ਚਾਹੀਦੇ ਹਨ, ਅਤੇ ਆਪਣੇ ਸਾਰੇ ਟੀਕੇ ਸਮੇਂ ਸਿਰ ਲਗਾਉਣੇ ਐਨਾ ਮਹੱਤਵਪੂਰਨ ਕਿਉਂ ਹੁੰਦਾ ਹੈ, ਬਾਰੇ ਜ਼ਿਆਦਾ ਜਾਣਕਾਰੀ ਲਵੋ।

- ਪਰਟੂਸਿਸ (ਕਾਲੀ ਖਾਂਸੀ)

### ਪਬਲਿਕ ਹੈਲਥ ਏਜੰਸੀ ਆਫ ਕੈਨੇਡਾ (PHAC)

ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਇੱਕ ਫੈਡਰਲ ਏਜੰਸੀ ਹੈ ਜੋ ਸਿਹਤ ਨੂੰ ਪ੍ਰੋਤਸਾਹਿਤ ਕਰਨ, ਚਿਰਕਾਲੀ ਬਿਮਾਰੀਆਂ ਅਤੇ ਸੱਟਾਂ ਨੂੰ ਰੋਕਣ ਅਤੇ ਨਿਯੰਤ੍ਰਿਤ ਕਰਨ, ਲਾਗ-ਗ੍ਰਸਤ ਬਿਮਾਰੀਆਂ ਨੂੰ ਰੋਕਣ ਅਤੇ ਨਿਯੰਤ੍ਰਿਤ ਕਰਨ, ਅਤੇ ਜਨਤਕ ਸਿਹਤ ਐਮਰਜੈਂਸੀਆਂ ਲਈ ਤਿਆਰੀ ਕਰਨ ਅਤੇ ਪ੍ਰਤਿਕਿਰਿਆ ਪ੍ਰਗਟਾਉਣ ਲਈ ਜ਼ਿੰਮੇਵਾਰ ਹੈ। ਹਾਲੀਆ ਨੋਟਿਸਾਂ ਸਮੇਤ ਪਰਟੂਸਿਸ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਹੇਠਾਂ ਦਿੱਤੇ ਲਿੰਕ ਉੱਤੇ ਕਲਿੱਕ ਕਰੋ।

- ਪਰਟੂਸਿਸ (ਕਾਲੀ ਖਾਂਸੀ)

**ਪਿਛਲੀ ਵਾਰ ਸਮੀਖਿਆ ਕੀਤੀ:** ਦਸੰਬਰ 2015